Punjabi

# ਸਟਰੋਕ ਪ੍ਰੀਵੈਨਸ਼ਨ ਐਂਡ ਨਿਊਰੌਲੋਜੀ ਕਲੀਨਿਕ (Stroke Prevention and Neurology Clinic)

ਰੌਇਲ ਕੋਲੰਬੀਅਨ ਹਸਪਤਾਲ (Royal Columbian Hospital)

## ਤੁਹਾਡਾ ਸੁਆਗਤ ਹੈ !

ਤੁਹਾਡੇ ਡਾਕਟਰ ਨੇ ਤੁਹਾਨੂੰ ਸਟਰੋਕ ਪ੍ਰੀਵੈਨਸ਼ਨ ਐਂਡ ਨਿਊਰੌਲੋਜੀ ਕਲੀਨਿਕ ਵਿਚ ਆਉਣ ਲਈ ਕਿਹਾ ਹੈ।

** **ਅਸੀਂ ਤੁਹਾਡੇ ਨਾਲ ਸੰਪਰਕ ਕਰਾਂਗੇ ਅਤੇ ਤੁਹਾਡੀ ਅਪੌਂਇੰਟਮੈਂਟ ਦੀ ਤਾਰੀਕ ਅਤੇ ਸਮੇਂ ਬਾਰੇ ਤੁਹਾਨੂੰ ਦੱਸਾਂਗੇ।**

**ਮੇਰੀ ਅਪੌਂਇੰਟਮੈਂਟ**

**ਤਾਰੀਕ** ______________ **ਸਮਾਂ** ______________

## ਕਲੀਨਿਕ ਨੂੰ ਜਾਣਾ

- **ਕਲੀਨਿਕ ਦਾ ਐਡਰੈਸ ਅਤੇ ਸਥਾਨ**

  Royal Columbian Hospital
  330 East Columbia Street,
  New Westminster, BC, V3L 3W7

  ਕਲੀਨਿਕ ਲਈ ਰਸਤਾ:

  1. ਬੇਸਮੈਂਟ ਫਲੋਰ ਨੂੰ ਜਾਣ ਵਾਲੇ ਹੈਲਥ ਕੇਅਰ ਸੈਂਟਰ 'ਗਰੀਨ ਜ਼ੋਨ' ਐਲੀਵੇਟਰ ਲਉ।
  2. ਐਲੀਵੇਟਰ ਵਿੱਚੋਂ ਨਿਕਲ ਕੇ ਸੱਜੇ ਮੁੜੋ।
  3. ਫਲੋਰ ਉੱਪਰ ਹਰੀ ਲਾਈਨ ਅਤੇ "ਕੇਅਰ ਕਲੀਨਿਕ" ਲਈ ਸਾਈਨਾਂ ਦੀ ਪਾਲਣਾ ਕਰੋ।
  4. ਹਾਲ ਦੇ ਅੰਤ 'ਤੇ ਕੇਅਰ ਕਲੀਨਿਕ ਦੇ ਦਰਵਾਜ਼ਿਆਂ ਰਾਹੀਂ ਦਾਖਲ ਹੋਵੋ।

- **ਪਾਰਕਿੰਗ ਅਤੇ ਟ੍ਰਾਂਜ਼ਿਟ**

  ਹਸਪਤਾਲ ਵਿਚ ਸ਼ੇਰਬਰੁੱਕ ਲੌਟ 'ਤੇ ਸੀਮਤ ਪਾਰਕਿੰਗ ਉਪਲਬਧ ਹੈ।

  ਸ਼ੇਰਬਰੁੱਕ ਅਤੇ ਕੀਰੀ ਸਟਰੀਟਾਂ ਉੱਪਰ ਪਾਰਕਿੰਗ ਹੈ। ਪਾਰਕਿੰਗ ਮੀਟਰ ਵਾਲੀ ਹੈ, ਇਸ ਕਰਕੇ ਤੁਹਾਨੂੰ ਕਾਫੀ ਭਾਨ ਜਾਂ ਕਰੈਡਿਟ ਕਾਰਡ ਦੀ ਲੋੜ ਪਵੇਗੀ।

  ਸੈਪਰਟਨ ਸਕਾਈਟ੍ਰੇਨ ਸਟੇਸ਼ਨ ਹਸਪਤਾਲ ਦੀ ਕੀਰੀ ਸਟਰੀਟ ਇੰਟਰੈਂਸ ਦੇ ਨੇੜੇ ਹੈ।

## ਆਪਣੀ ਵਿਜ਼ਟ ਵੇਲੇ ਕੀ ਉਮੀਦ ਰੱਖਣੀ ਹੈ।

- ਇਹ ਕੋਈ ਕਲਾਸ ਨਹੀਂ ਹੈ ਪਰ ਨਿਊਰੌਲੋਜਿਸਟ ਅਤੇ ਸਟਰੋਕ ਟੀਮ ਦੇ ਹੋਰ ਮੈਂਬਰਾਂ ਨਾਲ ਅਸੈੱਸਮੈਂਟ ਲਈ ਅਪੌਂਇੰਟਮੈਂਟ ਹੈ।
- ਇੱਥੇ 3 ਘੰਟਿਆਂ ਤੱਕ ਰਹਿਣ ਦੀ ਪਲੈਨ ਬਣਾਉ। ਪਾਰਕਿੰਗ ਲਈ ਪੈਸੇ ਦੇਣ ਵੇਲੇ ਕਿਰਪਾ ਕਰਕੇ ਇਸ ਗੱਲ ਨੂੰ ਮਨ ਵਿਚ ਰੱਖੋ।
- ਕਿਰਪਾ ਕਰਕੇ ਇਹ ਗੱਲ ਨੋਟ ਕਰੋ ਕਿ ਤੁਹਾਡੀ ਅਪੌਂਇੰਟਮੈਂਟ ਦਾ ਸਮਾਂ ਉਹ ਸਮਾਂ ਹੈ ਜਦੋਂ ਤੁਸੀਂ ਕਲੀਨਿਕ ਵਿਚ ਪਹੁੰਚ ਕੇ ਆਪਣਾ ਨਾਂ ਦੱਸਣਾ ਹੈ। ਸਟਰੋਕ ਟੀਮ ਦੇ ਕਿਸੇ ਮੈਂਬਰ ਨੂੰ ਦੇਖਣ ਲਈ ਤੁਹਾਨੂੰ ਕਿੰਨਾ ਸਮਾਂ ਉਡੀਕ ਕਰਨੀ ਪੈ ਸਕਦੀ ਹੈ, ਉਹ ਸਮਾਂ ਵੱਖ ਵੱਖ ਹੋ ਸਕਦਾ ਹੈ।
- ਅਸੀਂ ਸੁਝਾਅ ਦਿੰਦੇ ਹਾਂ ਕਿ ਉਡੀਕ ਕਰਨ ਦੇ ਸਮੇਂ ਲਈ ਆਪਣੇ ਨਾਲ ਪੜ੍ਹਨ ਜਾਂ ਕੁਝ ਕਰਨ ਲਈ ਲਿਆਉ।

## ਤੁਹਾਡੀ ਵਿਜ਼ਟ ਤੋਂ ਬਾਅਦ

- ਨਿਊਰੌਲੋਜਿਸਟ ਤੁਹਾਨੂੰ ਹੋਰ ਮੈਡੀਕਲ ਟੈੱਸਟਾਂ ਲਈ ਭੇਜਣਾ ਚਾਹੁੰਦਾ ਹੋ ਸਕਦਾ ਹੈ। ਨੇੜ ਭਵਿੱਖ ਵਿਚ ਜੇ ਤੁਸੀਂ 3 ਹਫਤਿਆਂ ਨਾਲੋਂ ਜ਼ਿਆਦਾ ਸਮਾਂ ਦੇਸ਼ ਤੋਂ ਬਾਹਰ ਜਾਂ ਆਪਣੇ ਸ਼ਹਿਰ ਤੋਂ ਬਾਹਰ ਜਾਣ ਦੀ ਪਲੈਨਿੰਗ ਕਰ ਰਹੇ ਹੋਵੋ ਤਾਂ ਕਿਰਪਾ ਕਰਕੇ ਇਸ ਬਾਰੇ ਆਪਣੇ ਨਿਊਰੌਲੋਜਿਸਟ ਨੂੰ ਦੱਸਣਾ ਯਾਦ ਰੱਖੋ।
- ਤੁਹਾਡੇ ਬਾਰੇ ਸਲਾਹ-ਮਸ਼ਵਰੇ/ਵਿਜ਼ਟ ਦੀ ਚਿੱਠੀ ਦੀ ਇਕ ਕਾਪੀ ਅਸੀਂ ਤੁਹਾਡੇ ਫੈਮਿਲੀ ਡਾਕਟਰ ਨੂੰ ਭੇਜਦੇ ਹਾਂ। ਤੁਹਾਡੇ ਸਾਰੇ ਨਤੀਜੇ ਅਤੇ ਵਿਜ਼ਟ ਦੀ ਚਿੱਠੀ ਤੁਹਾਡੇ ਫੈਮਿਲੀ ਡਾਕਟਰ ਨੂੰ ਮਿਲਣ ਲਈ 3 ਤੋਂ 6 ਹਫਤੇ ਲੱਗ ਸਕਦੇ ਹਨ।
- ਜੇ ਤੁਸੀਂ ਕੋਈ ਡਿਸਏਬਿਲਟੀ ਫਾਰਮ ਜਾਂ ਇਨਸ਼ੋਰੈਂਸ ਨਾਲ ਸੰਬੰਧਿਤ ਫਾਰਮ ਭਰਵਾਉਣੇ ਹਨ ਤਾਂ ਕਿਰਪਾ ਕਰਕੇ ਆਪਣੇ ਫੈਮਿਲੀ ਡਾਕਟਰ ਦੇ ਦਫਤਰ ਨਾਲ ਸੰਪਰਕ ਕਰੋ।



ਇਹ ਜਾਣਕਾਰੀ ਉਸ ਸਲਾਹ ਦਾ ਬਦਲ ਨਹੀਂ ਹੈ ਜਿਹੜੀ ਤੁਹਾਨੂੰ ਤੁਹਾਡੇ ਡਾਕਟਰ ਵਲੋਂ ਦਿੱਤੀ ਗਈ ਸੀ।

Catalogue #266251 (October 2019) Punjabi
To order: patienteduc.fraserhealth.ca